# ਆਉ ਹਮਾਰੈ ਰਾਮ ਪਿਆਰੇ ਜੀਉ

ਗਉੜੀ ਮਹਲਾ ੫ ਮਾਝ ॥

ਆਉ ਹਮਾਰੈ ਰਾਮ ਪਿਆਰੇ ਜੀਉ ॥

ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ ॥

ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ ॥

ਤੁਧੁ ਬਿਨੁ ਕਿਤੁ ਬਿਧਿ ਤਰੀਐ ਜੀਉ ॥੧॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ। ਜੋ ਪੰਨਾ ੨੧੭ ਤੇ ਅੰਕਿਤ ਹੈ। ਇਸ ਦਾ ਰਾਗ ਗਉੜੀ ਅਤੇ ਮਾਝ ਦਾ ਮਿਸ਼ਰਤ ਰਾਗ ਹੈ।

ਇਹ ਸ਼ਬਦ ਆਪਣੇ ਆਪ ਵਿਚ ਇਕ ਵਲ-ਵਲਾ ਹੈ, ਰਾਮ ਦੇ ਪਿਆਰੇ, ਭਾਵ ਵਾਹਗੁਰੂ ਦੇ ਸੰਤ ਨੂੰ ਮਿਲਣ ਅਤੇ ਬੇਨਤੀ ਦਾ ਵਲ-ਵਲਾ, ਅਤੇ ਸੰਤ ਰਾਹੀਂ ਪ੍ਰਭੂ ਨੂੰ ਮਿਲਣ ਦੀ ਤਾਂਘ। ਨਿਰਾ ਪ੍ਰੇਮ ਹੀ ਪ੍ਰੇਮ ਭਰਿਆ ਪਿਆ ਹੈ ਇਸ ਸ਼ਬਦ ਦੀ ਇਕ ਇਕ ਪੰਕਤੀ ਵਿਚ, ਅਥਾਹ ਪ੍ਰੇਮ !

ਪਹਿਲੇ ਬੰਦ ਦੀਆਂ ਪੰਕਤੀਆਂ ਵਿਚ ਪੰਚਮ ਪਾਤਸ਼ਾਹ ਇਕ ਜੋਦੜੀ ਰੂਪ ਵਿਚ ਫ਼ੁਰਮਾਣ ਕਰਦੇ ਹਨ – ਹੇ ਮੇਰੇ ਰਾਮ ਦੇ ਪਿਆਰੇ, ਸੰਤ ਜਨ ! ਮੇਰੇ ਘਰੇ ਆਓ ਜੀਓ !

– ਮੈਂ ਰਾਤ ਦਿਨ, ਹਰ ਸਾਹ ਨਾਲ ਤੁਹਾਨੂੰ ਚਿਤਾਰਦਾ ਹਾਂ, ਭਾਵ ਯਾਦ ਕਰਦਾ ਹਾਂ, ਸਿਮਰਦਾ ਹਾਂ ਜੀਓ !

–ਹੇ ਮੇਰੇ ਸਾਧੂ, ਸੰਤ, ਮਹਾਂਪੁਰਖ ਜੀ ! ਮੈਨੂੰ ਉਸ ਰਾਮ ਦਾ ਕੋਈ ਸੰਦੇਸ਼ਾ ਦੇ ਦਿਓ, ਮੈਂ ਤੁਹਾਡੇ ਚਰਨਾਂ ਤੇ ਪੈਂਦਾ ਹਾਂ ਜੀਓ !, ਭਾਵ, ਡੰਡਉਤ ਕਰਦਾ ਹਾਂ ਜੀ। ਪਾਤਸ਼ਾਹ, ੭੦੦ ਪੰਨੇ ਤੇ, ਅਜਿਹੇ ਹੀ ਸੰਦੇਸ਼ ਦੀ, ਸੰਤ ਜਨ ਨੂੰ ਬਿਨੈ ਕਰਦੇ ਹਨ ਅਤੇ ਸੰਦੇਸ਼ਾ ਸੁਣ ਕੇ ਜੀਵ ਇਸਤਰੀ ਹੈਰਾਨ ਹੋ ਕੇ ਅਗੋਂ ਸੁਹਾਗਣ ਸਖੀਆਂ (ਸੰਤ ਜਨਾਂ) ਨੂੰ ਪੁਛਦੀ ਹੈ ਕਿ ਉਹ ਪ੍ਰਭੂ ਕਿਹੋ ਜਿਹਾ ਹੈ – 'ਦੇਹੁ

ਸੰਦੇਸਰੋ ਕਹੀਅਉ ਪ੍ਰਿਅ ਕਹੀਅਉ।। ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ।।'
-ਹੇ ਮਹਾਂਪੁਰਖੋ ! ਤੁਹਾਡੇ ਬਿਨਾਂ ਕਿਵੇਂ ਤਰਿਆ ਜਾਏਗਾ, ਭਾਵ, ਇਸ ਭਵ ਸਾਗਰ ਨੂੰ ਨਹੀਂ ਤਰਿਆ ਜਾ ਸਕਦਾ।੧।
ਪਾਤਸ਼ਾਹ, ੧੩੪ ਪੰਨੇ ਤੇ, ਗਵਾਹੀ ਭਰਦੇ ਹਨ ਕਿ ਜਿਹੜੇ ਸਾਧੂ ਨਾਲ ਇਕ-ਮਿਕ ਹੁੰਦੇ ਹਨ, ਉਹੀ ਵਾਹਗੁਰੂ ਦੀ ਦਰਗਾਹ ਵਿਚ ਸੁਰਖਰੂ ਹੁੰਦੇ ਹਨ - 'ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ।।' ਸ੍ਰੀ ਗੁਰੂ ਅਮਰਦਾਸ ਸਾਹਿਬ ਪ੍ਰਸ਼ਨਾਤਮਕ ਵਿਧੀ ਨਾਲ ਸਮਝਾਉਂਦੇ ਹਨ ਕਿ ਸੰਤ ਜਨਾਂ ਦੇ ਰਾਹ ਦਿਖਾਏ ਬਿਨਾਂ ਵਾਹਿਗੁਰੂ ਦੇ ਦਰਸ਼ਨ ਕਿਵੇਂ ਹੋ ਸਕਦੇ ਹਨ, ਜਿਸ ਨੂੰ ਦੇਖ ਮੈਂ ਜੀਂਦਾ ਹਾਂ - 'ਹਰਿ ਕਿਤੁ ਬਿਧਿ ਪਾਈਐ ਸੰਤ ਜਨਹੁ ਜਿਸੁ ਦੇਖਿ ਹਉ ਜੀਵਾ।।'

ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥

ਵਣਿ ਤਿਣਿ ਤ੍ਰਿਭਵਣਿ ਸੁਖ ਪਰਮਾਨੰਦਾ ਜੀਉ ॥

ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ ॥

ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ ॥੨॥

- ਹੇ ਮਹਾਂਪੁਰਖੋ ! ਤੁਹਾਡੀ ਸੰਗਤ ਕਰਦਿਆਂ ਮੈਂ ਬਹੁਤ ਅਨੰਦ ਮਾਣਦਾ ਹਾਂ ਜੀਓ !
- ਤੁਹਾਡੀ ਸੰਗਤਿ ਮਾਣਦਿਆਂ ਮੈਨੂੰ ਵਣ-ਤ੍ਰਿਣ ਅਤੇ ਤਿੰਨਾਂ ਭਵਨਾਂ ਦੇ ਸਾਰੇ ਸੁਖਾਂ ਅਤੇ ਪਰਮ ਅਨੰਦ ਦੀ ਅਨੁਭੂਤੀ ਹੁੰਦੀ ਹੈ, ਜੀਓ !
- ਤੁਹਾਡੇ ਆਉਣ ਨਾਲ ਮੈਨੂੰ ਸੇਜ ਵੀ ਸੁਹਾਵੀ ਲਗਦੀ ਹੈ ਅਤੇ ਮੇਰਾ ਮਨ ਵਿਗਸ ਜਾਂਦਾ ਹੈ ਜੀਓ !
- ਤੁਹਾਡੇ ਦਰਸ਼ਨ ਪ੍ਰਾਪਤ ਕਰ ਕੇ, ਇਹ ਸਾਰੇ ਸੁਖ ਮੈਨੂੰ ਪ੍ਰਾਪਤ ਹੋ ਜਾਂਦੇ ਹਨ ਜੀਓ !

## ਚਰਣ ਪਖਾਰਿ ਕਰੀ ਨਿਤ ਸੇਵਾ ਜੀਉ ॥

## ਪੂਜਾ ਅਰਚਾ ਬੰਦਨ ਦੇਵਾ ਜੀਉ ॥

## ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥

## ਬਿਨਉ ਠਾਕੁਰ ਪਹਿ ਕਹੀਐ ਜੀਉ ॥੩॥

– ਹੇ ਸੰਤੋ ! ਮੈਂ ਤੁਹਾਡੇ ਚਰਨ ਧੋ ਕੇ ਰੋਜ਼ ਤੁਹਾਡੀ ਸੇਵਾ ਕਰਾਂ ਜੀਓ, ਭਾਵ, ਆਪਾ ਭਾਵ ਛੱਡ ਕੇ ਬੰਦਨ ਕਰਾਂ !
ਸ੍ਰੀ ਗੁਰੂ ਰਾਮਦਾਸ ਸਾਹਿਬ, ੭੫੭ ਪੰਨੇ ਤੇ, ਆਪਣੇ ਸੰਤ ਅਗੇ ਇਉਂ ਤਰਲਾ, ਬੇਨਤੀ ਕਰਦੇ ਹਨ – 'ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ।। ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ।।'
– ਹੇ ਪੂਜਯ-ਵਰ ਜੀਓ ! ਮੈਂ ਹਰ ਤਰੀਕੇ ਨਾਲ ਤੁਹਾਡੀ ਪੂਜਾ ਅਰਚਨਾ ਕਰਾਂ।
– (ਕਿਸ ਤਰ੍ਹਾਂ ਦੀ ਪੂਜਾ?) ਮੈਂ ਤੁਹਾਡੇ ਦਾਸਾਂ ਦਾ ਦਾਸ ਬਣ ਕੇ
ਨਾਮ ਜਪ ਲਵਾਂ ਜੀਓ !
ਗੁਰਬਾਣੀ ਅਨੁਸਾਰ ਨਾਮ ਜਪਣਾ ਹੀ ਅਸਲ ਪੂਜਾ ਹੈ, ਜਿਵੇਂ ਕਿ ਸ੍ਰੀ ਗੁਰੂ ਨਾਨਕ ਸਾਹਿਬ, ੪੮੯ ਪੰਨੇ ਤੇ ਹੁਕਮ ਫ਼ੁਰਮਾਉਂਦੇ ਹਨ – 'ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ।।'
– ਹੇ ਸੰਤ ਜੀ ! ਠਾਕੁਰ ਜੀ ਨੂੰ, ਭਾਵ, ਪ੍ਰਭੂ ਜੀ ਨੂੰ ਸਾਡੀ ਇਹ ਬੇਨਤੀ ਕਹਿ ਦਿਓ ਜੀਓ, ਕਿ ਮੈਨੂੰ ਦਰਸ਼ਨ ਦਿਓ ਅਤੇ ਮੈਂ ਇੰਵ ਨਾਮ ਜਪ ਸਕਾਂ।

ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥

ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ ॥

ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥

ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ ॥੪॥੨॥੧੬੭॥

ਆਖਿਰ ਤੇ ਮਿਲਾਪ ਦੀ ਸੁਖਦ ਅਵੱਸਥਾ ਦਾ ਜ਼ਿਕਰ ਆਇਆ ਹੈ।

– ਇਸ ਤਰ੍ਹਾਂ ਮਹਾਤਮਾ ਜੀ ਨਾਲ ਮਿਲ ਕੇ ਮੇਰੀ ਇਛਾ ਪੂਰੀ ਹੋ ਗਈ ਹੈ, ਭਾਵ, ਮੈਨੂੰ ਪ੍ਰਭੂ ਮਿਲ ਪਿਆ ਹੈ, ਉਸ ਦਾ ਦਰਸ਼ਨ ਹੋ ਗਿਆ ਹੈ, ਜਿਸ ਕਰਕੇ ਮੇਰਾ ਤਨ ਮਨ ਹਰਿਆ ਹੋ ਗਿਆ ਹੈ ਭਾਵ, ਬਾਗੋ ਬਾਗ ਹੋ ਗਿਆ ਹੈ, ਪ੍ਰਫ਼ੁਲਤ ਹੋ ਗਿਆ ਹੈ ਜੀਓ !

– ਪ੍ਰਭੂ ਦੇ ਦਰਸ਼ਨ ਵੇਖ ਕੇ ਮੇਰੇ ਸਾਰੇ ਦੁਖ ਜਾਂਦੇ ਰਹੇ ਹਨ ਜੀਓ !

ਪੰਜਵੇ ਪਾਤਸ਼ਾਹ ਇਹੀ ਅਵੱਸਥਾ, ੫੨੪ ਪੰਨੇ ਤੇ, ਬਿਆਨ ਕਰਦੇ ਹਨ – 'ਇਛ ਪੁੰਨੀ ਮਨਿ ਆਸ ਗਏ ਵਿਸੂਰਿਆ।।', ਭਾਵ, ਮਿਲਾਪ ਦੀ ਆਸ ਪੂਰੀ ਹੋ ਜਾਣ ਨਾਲ, ਮੇਰੇ ਸਾਰੇ ਦੁਖ ਕਲੇਸ਼ ਦੂਰ ਹੋ ਗਏ ਹਨ।

– ਇਸ ਤਰ੍ਹਾਂ ਮੈਂ ਵਾਹਗੁਰੂ ਵਾਹਗੁਰੂ ਕਰਕੇ ਨਾਮ ਜਪ ਜਪ ਕੇ ਭਵਸਾਗਰ ਤਰ ਗਿਆ ਹਾਂ ਜੀਓ !

– ਅਖੀਰ ਤੇ ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਇਹ ਪ੍ਰਾਪਤ ਹੋਇਆ ਇਤਨਾ ਵਡਾ ਸੁਖ, ਨਾ ਜਰਿਆ ਜਾ ਸਕਣ ਵਾਲਾ ਹੈ, ਜੋ ਸੰਤ ਦੀ ਸੰਗਤ ਦੀ ਕਿਰਪਾ ਸਦਕਾ ਸਹਿਆ ਜਾ ਸਕਦਾ ਹੈ।

ਭਾਈ ਗੁਰਦਾਸ ਜੀ ਇਸ ਅਸਹਿ ਸੁਖ ਨਾਲ ਸੁਧ ਬੁਧ ਗਵਾਉਣਾ ਇਉਂ ਦਰਜ ਕੀਤਾ ਹੈ – 'ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ।।..........' ਕਬਿਤ ੯. ਵਾਰ ੯ ਦੀ ੧੩ਵੀਂ ਪਉੜੀ ਵਿਚ ਵੀ ਇੰਵ ਬਚਨ ਕਰਦੇ ਹਨ – 'ਅਚਰਜ ਨੋ ਅਚਰਜ ਹੈ ਹੈਰਾਣ ਕਰਾਏ।। ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਸਮਾਏ।।' ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤ ਕਰਦਿਆਂ ਪ੍ਰਭੂ ਦਾ ਨਾਮ ਜਪਣ ਨਾਲ ਸਭ ਭੁਲੇਖੇ ਦੂਰ ਹੋ ਗਏ ਹਨ ਅਤੇ ਪ੍ਰਭੂ ਦੇ ਨਾਮ ਦੀ ਅਨਹਦ ਧੁੰਨੀ ਨੇ ਮੇਰਾ ਮਨ ਮੋਹ

ਲਿਆ ਹੈ ਅਤੇ ਉਸ ਦੇ ਮਿਲਾਪ ਦਾ ਸੁਆਦ ਅਸਚਰਜ ਹੈ – '... ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾਕੇ ਸ੍ਵਾਦ।।... ਸਾਧ ਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ।।'

Last modified: 6:47 am